
# ਸਿੱਖੀ ਸਿਧਾਂਤ ਨੂੰ ਵਿਸ਼ਾਲ ਜਨਤਾ ਤਕ ਲਿਜਾਣ ਦਾ ਸਾਰਥਕ ਉਪਰਾਲਾ

4 Sep 1999

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਧਾਰਮਕ ਅਸਥਾਨਾਂ ਤੋਂ ਬਾਹਰ ਨਿਕਲ ਕੇ ਸਿੱਖੀ ਦੇ ਸਿਧਾਂਤ ਨੂੰ ਵਿਸ਼ਾਲ ਲੋਕਾਂ ਵਿਚ ਲਿਜਾਣ ਦਾ ਇਕ ਬਹੁਤ ਹੀ ਸਾਰਥਕ ਉਪਰਾਲਾ ਮੰਗਲ ਢਿੱਲੋਂ ਦੀ ਫਿਲਮ ਖਾਲਸਾ ਹੈ। ਇਸ ਤੋਂ ਪਹਿਲਾਂ ਇਸ ਕਿਸਮ ਦੇ ਉਪਰਾਲੇ ਹਰਬਖਸ਼ ਲਾਟਾ ਅਤੇ ਚਰਨ ਸਿੰਘ ਸਿੰਧਰਾ ਵਲੋਂ ਰੋਸ਼ਨੀ ਅਤੇ ਆਵਾਜ਼ ਮਾਧਿਅਮ ਰਾਹੀਂ ਕੀਤੇ ਗਏ ਹਨ। ਇਹ ਸਾਫ ਹੈ ਕਿ ਰੋਸ਼ਨੀ ਅਤੇ ਆਵਾਜ਼ ਮਾਧਿਅਮ ਰਾਹੀਂ ਹਰ ਇਕ ਪੇਸ਼ਕਾਰੀ ਵਾਸਤੇ ਵੱਡੀ ਟੀਮ ਅਤੇ ਵੱਡੀ ਰਕਮ ਦੀ ਲੋੜ ਹੈ, ਪਰ ਫਿਲਮ ਰਾਹੀਂ ਇਕ ਵਾਰ ਖਰਚਾ ਕਰ ਕੇ ਫੇਰ ਉਸ ਨੂੰ ਬਹੁਤੇ ਖਰਚੇ ਤੋਂ ਬਿਨਾਂ ਥਾਂ ਥਾਂ ਵਿਖਾਇਆ ਜਾ ਸਕਦਾ ਹੈ। ਇਸੇ ਸੰਦਰਭ ਵਿਚ ਮੰਗਲ ਢਿੱਲੋਂ ਦੀ ਫਿਲਮ ਦਾ ਵਿਸਥਾਰ ਨਾਲ ਚਰਚਾ ਕਰਨਾ ਬਣਦਾ ਹੈ। ਇਹ ਫਿਲਮ ਦੇਸ਼-ਪ੍ਰਦੇਸ਼ ਵਿਖਾਈ ਜਾਏਗੀ। ਪਿੰਡਾਂ ਵਿਚ ਵਿਖਾਈ ਜਾ ਸਕੇਗੀ। ਸ਼ਹਿਰਾਂ, ਕਸਬਿਆਂ ਵਿਚ ਵਿਖਾਈ ਜਾ ਸਕੇਗੀ। ਵਿਦਿਅਕ ਅਦਾਰਿਆਂ ਵਿਚ ਵਿਖਾਈ ਜਾ ਸਕੇਗੀ ਕਿਉਂਕਿ ਹੁਣ ਬਹੁਤ ਸਾਰੇ ਵਿਦਿਅਕ ਅਦਾਰਿਆਂ ਵਿਚ ਪ੍ਰਾਜੈਕਟਰ ਦੀ ਸਹੂਲਤ ਪ੍ਰਾਪਤ ਹੈ। ਇਸ ਤਰ੍ਹਾਂ ਇਹ ਫਿਲਮ ਲੱਖਾਂ-ਕਰੋੜਾਂ ਲੋਕਾਂ ਵਿਚ ਜਾਏਗੀ।

ਇਸ ਫਿਲਮ ਦੀ ਚਰਚਾ ਦੋ ਪੱਖਾਂ ਤੋਂ ਕੀਤੀ ਜਾ ਸਕਦੀ ਹੈ। ਇਕ ਪੱਖ ਹੈ, ਇਸ ਦੀਆਂ ਫਿਲਮ ਦੇ ਰੂਪ ਵਿਚ ਪ੍ਰਾਪਤੀਆਂ ਤੇ ਅਪ੍ਰਾਪਤੀਆਂ ਅਤੇ ਦੂਜਾ ਪੱਖ ਹੈ, ਇਹਦੀਆਂ ਦੱਸੇ ਹੋਏ ਉਦੇਸ਼ ਅਨੁਸਾਰ ਪ੍ਰਾਪਤੀਆਂ ਤੇ ਅਪ੍ਰਾਪਤੀਆਂ। ਦੂਜੇ ਪੱਖ ਤੋਂ ਇਹਦੀ ਵਿਸਥਾਰ ਨਾਲ ਚਰਚਾ ਦੀ ਲੋੜ ਹੈ ਕਿਉਂਕਿ ਇਹ ਫਿਲਮ ਦਸਤਾਵੇਜ਼ੀ ਫਿਲਮ ਦਾ ਦਰਜਾ ਵੀ ਰੱਖਦੀ ਹੈ।

ਫਿਲਮ ਦੇ ਰੂਪ ਵਿਚ ਇਹਦੀ ਵੱਡੀ ਪ੍ਰਾਪਤੀ ਇਹਦੀ ਕਮਾਲ ਦੀ ਕੈਮਰਾ ਵਰਤੋਂ ਹੈ। ਇਹਦੇ ਨਾਲ ਹੀ ਮੰਗਲ ਢਿੱਲੋਂ ਦੀ ਆਪਣੀ ਸ਼ਕਤੀਸ਼ਾਲੀ ਆਵਾਜ਼ ਵਿਚ ਕੁਮੈਂਟਰੀ ਹੈ ਅਤੇ ਪ੍ਰਭਾਵਸ਼ਾਲੀ ਸੰਗੀਤ ਰਾਹੀਂ ਸ਼ਬਦਾਂ ਦੀ ਪੇਸ਼ਕਾਰੀ ਹੈ। ਫਿਲਮ ਦੀ ਅਪ੍ਰਾਪਤੀ, ਦ੍ਰਿਸ਼ਾਂ ਦਾ ਦੁਹਰਾਓ, ਢਿੱਲੀ ਐਡਿਟਿੰਗ ਅਤੇ ਚਿੱਤਰਕਾਰੀ ਵਿਚ ਭੜਕੀਲੇ ਰੰਗਾਂ ਦੀ ਵਰਤੋਂ ਤੇ ਗੈਰਪ੍ਰਭਾਵਸ਼ਾਲੀ ਗਰਾਫਿਕ ਕੰਮ ਹੈ। ਗੁਰੂ ਸਾਹਿਬ ਜਾਂ ਕੋਈ ਹੋਰ ਇਤਿਹਾਸਕ ਪਾਤਰ ਜੀਂਦੇ ਜਾਗਦੇ ਪਾਤਰਾਂ ਰਾਹੀਂ ਪੇਸ਼ ਨਹੀਂ ਕੀਤੇ ਜਾ ਸਕਦੇ। ਇਹ ਸਾਡੀ ਮਰਯਾਦਾ ਦੀ ਮੰਗ ਹੈ। ਇਸ ਲਈ ਚਿੱਤਰਾਂ ਦੀ ਸਹਾਇਤਾ ਲਈ ਗਈ ਹੈ। ਇਹ ਵੀ ਸਪਸ਼ਟ ਹੈ ਕਿ ਇਸ ਵਿਧੀ ਨਾਲ ਦ੍ਰਿਸ਼ਾਂ ਦੀ ਨਾਟਕੀ ਸ਼ਕਤੀ ਘਟਣੀ ਹੀ ਘਟਣੀ ਹੈ। ਇਹ ਨਿਰਮਾਤਾ ਅਤੇ ਨਿਰਦੇਸ਼ਕ ਦੀ ਮਜਬੂਰੀ ਹੈ। ਪਰ ਗੁਰੂ ਸਾਹਿਬਾਨ ਦੇ ਜਿਹੜੇ ਚਿੱਤਰ ਸਕਰੀਨ ਉਤੇ ਪੇਸ਼ ਹੋਏ ਹਨ, ਉਨ੍ਹਾਂ ਵਿਚ ਉਹ ਕਲਾ ਨਹੀਂ, ਜਿਹੜੀ ਸਾਡੀਆਂ ਅੱਖਾਂ ਵੇਖਣ ਦੀਆਂ ਆਦੀ ਹੋਈਆਂ ਹਨ। ਉਹ ਸੋਭਾ ਸਿੰਘ ਦੇ ਬਣਾਏ ਹੋਏ ਚਿੱਤਰ ਸਨ। ਕੈਲੰਡਰਾਂ ਵਿਚ ਵੀ ਬਹੁਤੀ ਉਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਸੋਭਾ ਸਿੰਘ ਦੀ ਕਲਾ ਵਿਚ ਇਹ ਗੁਣ ਸੀ ਕਿ ਉਹ ਸ਼ਖਸੀਅਤ ਚਿੱਤਰ ਬਣਾਉਣ ਵੇਲੇ ਇਕ ਖਾਸ ਕਿਸਮ ਦੀ ਖੂਬਸੂਰਤੀ ਉਸ ਸ਼ਖਸੀਅਤ ਵਿਚ ਉਘਾੜਦੇ ਸਨ। ਗੁਰੂ ਨਾਨਕ ਦੇਵ ਜੀ ਦਾ ਚਿੱਤਰ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਇਕ ਕਲਾਸਕੀ ਕਿਰਤ ਹੈ। ਬਾਕੀ ਗੁਰੂ ਸਾਹਿਬਾਨ ਦੇ ਚਿੱਤਰ ਵੀ ਆਪਣੇ ਆਪ ਵਿਚ ਇਕ ਪ੍ਰਾਪਤੀ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਆਨੰਦਪੁਰ ਸਾਹਿਬ ਦੇ ਕਿਲੇ ਦੇ ਪਿਛੋਕੜ ਵਾਲਾ ਚਿੱਤਰ ਵੀ ਚਿੱਤਰਕਲਾ ਦਾ ਕਮਾਲ ਹੈ। ਮੰਗਲ ਢਿੱਲੋਂ ਨੇ ਉਹ ਚਿੱਤਰ ਨਹੀਂ ਵਰਤੇ। ਸ਼ਾਇਦ ਕਾਪੀਰਾਈਟ ਦੀ ਕੋਈ ਦਿੱਕਤ ਆਈ ਹੋਣੀ ਹੈ। ਗੁਰੂ ਸਾਹਿਬਾਨ ਦੀ ਸ਼ਖਸੀਅਤ ਜਿਨ੍ਹਾਂ ਚਿੱਤਰਾਂ ਰਾਹੀਂ ਪੇਸ਼ ਕੀਤੀ ਗਈ ਹੈ, ਉਹ ਅੱਖਾਂ ਦੀ ਤਸੱਲੀ ਨਹੀਂ ਕਰਵਾਉਂਦੇ ਸ਼ਾਇਦ ਇਸੇ ਕਰਕੇ ਨਾਟਕੀ ਦ੍ਰਿਸ਼ ਲੋੜੀਂਦਾ ਪ੍ਰਭਾਵ ਨਹੀਂ ਪਾਉਂਦੇ।

ਇਸੇ ਤਰ੍ਹਾਂ ਜਦੋਂ ਆਖਿਆ ਗਿਆ ਹੈ ਕਿ ਐਡਿਟਿੰਗ ਢਿੱਲੀ ਹੈ, ਉਹ ਬੱਝਵੀਂ ਜਾਂ ਕੱਸਵੀਂ ਨਹੀਂ, ਤਾਂ ਇਹ ਇਸ ਸੰਦਰਭ ਵਿਚ ਕਿਹਾ ਜਾ ਰਿਹਾ ਹੈ ਕਿ ਦ੍ਰਿਸ਼ਾਂ ਦਾ ਦੁਹਰਾਓ ਬਹੁਤ ਹੈ। ਦੁਸ਼ਮਣਾਂ ਦਾ ਆਨੰਦਪੁਰ ਸਾਹਿਬ ਉਤੇ ਹਮਲਾ ਕਰਨ ਆਉਣਾ, ਸਿੰਘਾਂ ਦਾ ਉਨ੍ਹਾਂ ਦਾ ਮੁਕਾਬਲਾ ਕਰਨਾ ਅਤੇ ਫੇਰ ਦੁਸ਼ਮਣਾਂ ਦਾ ਭਾਜ ਖਾ ਕੇ ਵਾਪਸ ਮੁੜਨਾ, ਭਾਵੇਂ ਫੋਟੋਗ੍ਰਾਫਰੀ ਦੇ ਲਿਹਾਜ਼ ਨਾਲ ਬਹੁਤ ਪ੍ਰਭਾਵਸ਼ਾਲੀ ਦ੍ਰਿਸ਼ ਹਨ, ਪਰ ਦੁਹਰਾਓ ਸਹੀ ਨਹੀਂ। ਇਹ ਪ੍ਰਭਾਵ ਨੂੰ ਘਟਾਉਂਦਾ ਹੈ। ਥੋੜ੍ਹੀ ਜਿਹੀ ਕਸਵੀਂ ਐਡਿਟਿੰਗ ਨਾਲ ਇਹ ਨੁਕਸ (ਜੇ ਨਿਰਮਾਤਾ ਨਿਰਦੇਸ਼ਕ ਇਸ ਨੂੰ ਨੁਕਸ ਮੰਨੇ) ਆਸਾਨੀ ਨਾਲ ਦੂਰ ਕੀਤਾ ਜਾ ਸਕਦਾ ਹੈ।

ਹੁਣ ਮੁੱਖ ਗੱਲ ਫਿਲਮ ਦੇ ਉਦੇਸ਼ ਦੀ ਆਉਂਦੀ ਹੈ। ਜਿਹੜੀ ਦੋਵਰਕੀ ਦਰਸ਼ਕਾਂ ਵਿਚ ਵੰਡੀ ਗਈ, ਉਹਦੇ ਵਿਚ ਉਦੇਸ਼ ਵਜੋਂ ਹੇਠ ਲਿਖੀਆਂ ਸਤਰਾਂ ਇਹ ਹਨ:

''ਖਾਸ ਤੌਰ 'ਤੇ ਜਦੋਂ ਕਿ ਅਸੀਂ ਆਪਣੀ ਫਿਲਮ 'ਖਾਲਸਾ' ਦੇ ਜ਼ਰੀਏ ਸਿੱਖਾਂ ਦੇ ਸ਼ਹੀਦੀਆਂ ਭਰੇ ਇਤਿਹਾਸ ਨੂੰ ਮੂੰਹ ਬੋਲਦੀਆਂ ਤਸਵੀਰਾਂ ਰਾਹੀਂ, ਇਕ ਅਜਿਹਾ ਸੱਚਾ ਇਤਿਹਾਸਕ ਗਵਾਹ ਬਣਾਉਣ ਦਾ ਯਤਨ ਕੀਤਾ ਹੈ, ਜਿਸ ਅੱਗੇ ਮੌਜੂਦਾ ਵਕਤ ਦੀ ਸਿਆਸਤ ਹੀ ਨਹੀਂ ਬਲਕਿ ਬੀਤੀਆਂ ਹੋਈਆਂ ਸਦੀਆਂ ਵੀ, ਆਪਣੇ ਸਮਿਆਂ ਦੀਆਂ ਗੈਰਇਨਸਾਨੀ ਨਾਇਨਸਾਫੀਆਂ ਨੂੰ ਵੇਖ ਵੇਖ ਕੇ ਆਪਣੇ ਆਪ ਉਤੇ ਸ਼ਰਮਸਾਰ ਹੋਣ ਅਤੇ ਗੁਰੂ ਦਾ ਹਰ ਸਿੱਖ, ਜਿਥੇ ਵੀ ਕਿਤੇ ਆਪਣੇ ਇਸ ਬੇਮਿਸਾਲ ਤੇ ਗੌਰਵਮਈ ਇਤਿਹਾਸਕ ਵਿਰਸੇ ਦੇ ਰੂਬਰੂ ਹੋਵੇ, ਉਥੇ ਹੀ ਉਹ ਸਾਡੇ ਵਾਂਗ, ਆਪਣੇ ਸਿਰ ਉਤੇ ਸਿੱਖੀ ਦੇ ਕਰਜ਼ ਨੂੰ ਮਹਿਸੂਸ ਕਰਦੇ ਹੋਏ, ਸਾਡੀ ਹੀ ਤਰ੍ਹਾਂ ਉਸ ਕਰਜ਼ ਨੂੰ ਕਿਸੇ ਨਾ ਕਿਸੇ ਰੂਪ ਵਿਚ ਉਤਾਰਨ ਦਾ ਯਤਨ ਕਰਨ ਦੇ ਨਾਲ-ਨਾਲ ਫਖਰ ਵਿਚ ਗਦਗਦ ਹੁੰਦੇ ਹੋਏ, ਸਿੱਖ ਕੌਮ ਦੀ ਪੱਗ ਨੂੰ ਪਹਿਲਾਂ ਨਾਲੋਂ ਹੋਰ ਵੀ ਉੱਚੀ ਹੁੰਦੀ ਮਹਿਸੂਸ ਕਰੇ।''

ਸੋ ਇਹ ਸਾਫ ਹੈ ਕਿ ਇਸ ਉਦੇਸ਼ ਦਾ ਇਕ ਪੱਖ ਹੈ ਕਿ ਸਿੱਖ ਜਨਸਾਧਾਰਨ ਆਪਣੇ ਇਤਿਹਾਸ ਤੋਂ ਜਾਣੂੰ ਹੋਏ ਅਤੇ ਕੁਲ ਦੁਨੀਆ ਵਿਚ ਆਪਣਾ ਸਿਰ ਉੱਚਾ ਕਰ ਕੇ ਤੁਰ ਸਕੇ। ਇਸ ਪੱਖ ਦੇ ਵੀ ਅੱਗੋਂ ਦੋ ਪੱਖ ਹਨ। ਇਕ ਪੱਖ ਤਾਂ ਆਪਾ ਅਹਿਸਾਸ ਦਾ ਹੈ ਅਤੇ ਦੂਜਾ ਜ਼ਰੂਰੀ ਪੱਖ ਹੈ ਕਿ ਬਾਕੀ ਦੁਨੀਆ ਵੀ ਇਹ ਅਹਿਸਾਸ ਕਰੇ ਕਿ ਸਿੱਖ ਇਕ ਖਾਸ ਕੌਮ ਹਨ। ਇਨ੍ਹਾਂ ਦਾ ਇਤਿਹਾਸ ਇਨ੍ਹਾਂ ਨੂੰ ਮਨੁੱਖੀ ਬਰਾਦਰੀ ਵਿਚ ਇਕ ਖਾਸ ਥਾਂ ਦਾ ਹੱਕਦਾਰ ਬਣਾਉਂਦਾ ਹੈ। ਇਸ ਫਿਲਮ ਵਿਚ ਪਹਿਲੇ ਪੱਖ ਦੀ ਪੂਰਤੀ ਪੂਰੀ ਤਰ੍ਹਾਂ ਹੁੰਦੀ ਹੈ ਪਰ ਦੂਜੇ ਪੱਖ ਬਾਰੇ ਊਣਤਾਈ ਰਹਿ ਗਈ ਜਾਪਦੀ ਹੈ। ਉਹਦਾ ਵੱਡਾ ਕਾਰਨ ਹੈ ਕਿ ਫਿਲਮ ਦੀ ਪੇਸ਼ਕਾਰੀ ਵਿਚ ਜਿਹੜੀ ਪਹੁੰਚ ਅਪਣਾਈ ਗਈ ਹੈ, ਉਸ ਵਿਚ ਸਿੰਘਾਂ ਦੀ ਸੂਰਮਗਤੀ ਉਤੇ ਬਹੁਤਾ ਜ਼ੋਰ ਦਿੱਤਾ ਗਿਆ ਹੈ। ਉਹ ਦੇਣਾ ਬਣਦਾ ਵੀ ਹੈ ਕਿਉਂਕਿ ਇਹ ਯਥਾਰਥ ਹੈ ਪਰ ਇਸ ਸੂਰਮਗਤੀ ਪਿੱਛੇ ਜਿਹੜਾ ਗੁਰੂ ਸਾਹਿਬ ਦਾ ਮਾਨਵਵਾਦੀ ਪੱਖ ਸੀ ਉਹ ਪੂਰੀ ਤਰ੍ਹਾਂ ਨਹੀਂ ਉਘਾੜਿਆ ਗਿਆ।

ਆਮ ਲੋਕਾਂ ਅਤੇ ਖਾਸ ਕਰਕੇ ਗੈਰ ਸਿੱਖਾਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਦੀ ਮਹਾਨਤਾ ਇਸ ਗੱਲ ਵਿਚ ਸੀ ਕਿ ਉਹ ਤਾਨਾਸ਼ਾਹੀ ਦੇ ਵਿਰੋਧ ਵਿਚ ਉਠੇ। ਮਜ਼ਹਬੀ ਜਨੂੰਨ ਦੇ ਵਿਰੁੱਧ ਉਠੇ। ਦੂਜਿਆਂ ਧਰਮਾਂ ਦੀ ਇੱਜ਼ਤ ਅਤੇ ਸਤਿਕਾਰ ਲਈ ਸਿੰਘਾਂ ਨੇ ਸ਼ਹਾਦਤਾਂ ਦਿੱਤੀਆਂ। ਭਾਈ ਘਨ੍ਹਈਆਂ ਵਰਗੇ ਮਹਾਨ ਇਨਸਾਨ ਪੈਦਾ ਕੀਤੇ। ਨਿਰਬਲ ਲੋਕਾਂ ਨੂੰ ਬਲ ਦਿੱਤਾ। ਕਹਿਣ ਨੂੰ ਕਿਹਾ ਜਾ ਸਕਦਾ ਹੈ ਕਿ ਇਹ ਸਾਰੀਆਂ ਗੱਲਾਂ ਫਿਲਮ ਵਿਚ ਮੌਜੂਦ ਹਨ। ਜ਼ਰੂਰ ਹਨ, ਪਰ ਫਿਲਮ ਵਿਚ ਹਾਵੀ ਸੂਰਮਗਤੀ ਦਾ ਪੱਖ ਹੀ ਹੈ। ਮਾਨਵੀ ਪੱਖ ਪਿੱਛੇ ਚਲਾ ਜਾਂਦਾ ਹੈ। ਵਾਰ ਵਾਰ ਘੋੜੇ ਦੌੜਦੇ ਵਿਖਾਏ ਗਏ ਹਨ, ਇਸੇ ਕਰਕੇ ਫਿਲਮ ਦਾ ਉਦੇਸ਼ ਪੂਰਾ ਨਹੀਂ ਹੁੰਦਾ। ਇਹਦੇ ਲਈ ਇਕ ਇਕ ਦ੍ਰਿਸ਼ ਦੀ ਐਡਿਟਿੰਗ ਜ਼ਰੂਰੀ ਹੈ।

ਗੁਰੂ ਸਾਹਿਬ ਦਾ ਮਿਸ਼ਨ ਸਿਰਫ ਪਹਾੜੀ ਰਾਜਿਆਂ ਨੂੰ ਹਾਰ ਦੇਣ ਦਾ ਨਹੀਂ ਸੀ ਅਤੇ ਨਾ ਹੀ ਔਰੰਗਜ਼ੇਬ ਦੀ ਸਲਤਨਤ ਦੀ ਥਾਂ ਕੋਈ ਬਦਲਵੀਂ ਸਲਤਨਤ ਕਾਇਮ ਕਰਨਾ ਸੀ। ਉਹ ਤਾਂ ਮਨੁੱਖ ਨੂੰ ਮਨੁੱਖ ਨਾਲ ਜੀਣ ਦਾ ਹੋਕਾ ਸੀ। ਇਹੀ ਅੱਜ ਦੇ ਮਨੁੱਖ ਦੀ ਲੋੜ ਹੈ। ਜ਼ੋਰ-ਜਬਰ ਦੇ ਵਿਰੁੱਧ ਸੰਘਰਸ਼ ਅੱਜ ਦੇ ਮਨੁੱਖ ਲਈ ਮਾਨਵੀ ਸੁਨੇਹਾ ਹੈ। ਫਿਲਮ ਵਿਚ ਸਭ ਕੁਝ ਹੈ ਪਰ ਕਿਧਰੇ ਨਾ ਕਿਧਰੇ ਖਾਮੀ ਜ਼ਰੂਰ ਰਹਿ ਗਈ ਹੈ, ਜੋ ਹੁਣ ਵੀ ਬੜੀ ਆਸਾਨੀ ਨਾਲ ਕੁਮੈਂਟਰੀ ਰਾਹੀਂ ਦੂਰ ਕੀਤੀ ਜਾ ਸਕਦੀ ਹੈ।

ਸਿੱਖ ਜਨ-ਸਾਧਾਰਨ ਆਪਣਾ ਸਿਰ ਉੱਚਾ ਚੁੱਕ ਕੇ ਤੁਰੇ, ਆਪਣੀ ਪੱਗ ਦੀ ਲਾਜ ਰੱਖੇ, ਇਹ ਜ਼ਰੂਰੀ ਹੈ। ਪਰ ਇਸ ਤੋਂ ਅੱਗੇ ਇਹ ਵੀ ਜ਼ਰੂਰੀ ਹੈ ਕਿ ਦੂਜੇ ਲੋਕ ਇਸ ਪੱਗ ਦਾ ਸਤਿਕਾਰ ਕਰਨ, ਸਿੱਖੀ ਦੇ ਉਦੇਸ਼ਾਂ ਅੱਗੇ ਸਿਰ ਝੁਕਾਣ ਅਤੇ ਇਹ ਕਹਿਣ ਲਈ ਮਜਬੂਰ ਹੋਣ ਕਿ ਇਹ ਵਿਅਕਤੀ ਮਹਾਨ ਹੈ, ਕਿਉਂਕਿ ਇਹ ਗੁਰੂ ਦਾ ਸਿੱਖ ਹੈ। ਫਿਲਮ ਇਹ ਗੱਲ ਸਥਾਪਤ ਕਰਨ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋਈ।

ਮੰਗਲ ਢਿੱਲੋਂ ਸਾਡਾ ਆਪਣਾ ਕਲਾਕਾਰ ਹੈ। ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਖਾਲਸਾ ਸਾਜਨਾ ਦੇ 300 ਸਾਲਾ ਅਵਸਰ ਉਤੇ ਜੋ ਇਹਨੇ ਕੰਮ ਕੀਤਾ ਹੈ, ਉਹਦੀ ਸਾਰਥਕਤਾ ਹੋਰ ਕੰਮਾਂ ਨਾਲੋਂ ਕਿਤੇ ਅੱਗੇ ਹੈ। ਕਲਾ ਖੇਤਰ ਦੀ ਆਪਣੀ ਇਕ ਮਹੱਤਤਾ ਹੈ। ਮਾਛੀਵਾੜੇ ਦੇ ਜੰਗਲ ਵਿਚ ਉਚਾਰਿਆ ਗੁਰੂ ਗੋਬਿੰਦ ਸਿੰਘ ਦਾ ਸ਼ਬਦ 'ਹਾਲ ਮੁਰੀਦਾਂ ਦਾ ਕਹਿਣਾ' ਜਿਥੇ ਸਰੋਦੀ ਕਵਿਤਾ ਦੀ ਇਕ ਮਹਾਨ ਮਿਸਾਲ ਹੈ, ਉਥੇ ਇਸ ਫਿਲਮ ਵਿਚ ਉਹਦੀ ਪੇਸ਼ਕਾਰੀ ਸਾਡੇ ਲਈ ਇਕ ਨਾ ਭੁੱਲਣ ਵਾਲੀ ਯਾਦ ਹੋ ਨਿਬੜੀ ਹੈ। ਕੁਝ ਸੀਮਾਵਾਂ ਦੇ ਬਾਵਜੂਦ ਮੰਗਲ ਢਿੱਲੋਂ ਨੂੰ ਸਾਡਾ ਸਲਾਮ ਕਹਿਣਾ ਬਣਦਾ ਹੈ। ਉਹਨੇ ਰਾਹ ਵਿਖਾਣ ਵਾਲਾ ਇਕ ਸਾਰਥਕ ਕੰਮ ਕੀਤਾ ਹੈ। ਉਹਦੀ ਅਗਲੀ ਦਸਤਾਵੇਜ਼ੀ ਫਿਲਮ 'ਸਿੱਖ ਤੋਂ ਸਿੰਘ ਤਕ' ਲਈ ਸਾਡਾ ਅਸ਼ੀਰਵਾਦ ਦੇਣਾ ਵੀ ਬਣਦਾ ਹੈ।